## ਨਾਨਕਸ਼ਾਹੀ ਕੈਲੰਡਰ ਵਿੱਚ ਗੁਰਪੁਰਬਾਂ ਦੀਆਂ ਅੰਗ੍ਰੇਜ਼ੀ ਤਾਰੀਖ਼ਾਂ ਇਤਿਹਾਸਿਕ ਅੰਗ੍ਰੇਜ਼ੀ ਤਾਰੀਖ਼ਾਂ ਨਾਲੋਂ ਵੱਖ ਕਿਓਂ

ਗੁਰੂ ਕਾਲ ਵਿੱਚ ਇੰਗਲੈਂਡ ਆਦਿ ਦੇਸ਼ਾਂ ਵਿੱਚ ਜੋ ਕੈਲੰਡਰ ਪ੍ਰਚੱਲਤ ਸੀ ਉਸ ਨੂੰ ਜੂਲੀਅਨ ਕੈਲੰਡਰ ਕਹਿੰਦੇ ਹਨ। ਇਸ ਵਿੱਚ ਹਰ ਚੌਥਾ ਸਾਲ ਲੀਪ ਦਾ ਹੁੰਦਾ ਹੈ, ਜਿਸ ਵਿੱਚ 366 ਦਿਨ ਹੁੰਦੇ ਹਨ, ਪਰ ਸਾਧਾਰਨ ਸਾਲ ਵਿੱਚ 365 ਦਿਨ ਹੁੰਦੇ ਹਨ। ਇਸ ਤਰ੍ਹਾਂ ਜੂਲੀਅਨ ਕੈਲੰਡਰ ਦੇ ਸਾਲ ਦੀ ਔਸਤਨ ਲੰਬਾਈ 365 ਦਿਨ, 6 ਘੰਟੇ ਬਣ ਜਾਂਦੀ ਹੈ।

ਸੰਨ 325 ਵਿੱਚ ਰੋਮਨ ਕੈਥੋਲਿਕ ਪਾਦਰੀਆਂ ਦੀ **Nicaea** ਵਿੱਚ ਹੋਈ ਇਕੱਤ੍ਰਤਾ ਵਿੱਚ ਈਸਟਰ ਦੀ ਤਾਰੀਖ਼ ਨੂੰ ਨਿਸਚਿਤ ਕਰਨ ਲਈ ਨਿਯਮ ਬਣਾਏ ਗਏ, ਜਿਨ੍ਹਾਂ ਨਿਯਮਾਂ ਦਾ ਆਧਾਰ ਬਸੰਤ ਰੁੱਤ ਵਿੱਚ ਰਾਤ-ਦਿਨ ਬਰਾਬਰ ਵਾਲੀ ਤਾਰੀਖ਼ (ਜੋ ਉਸ ਸਮੇਂ 21 ਮਾਰਚ ਨੂੰ ਆਉਂਦੀ ਸੀ) ਨੂੰ ਰੱਖਿਆ ਗਿਆ। ਰੁੱਤਾਂ ਵਾਲੇ ਸਾਲ ਦੀ ਲੰਬਾਈ ਤਕਰੀਬਨ 365 ਦਿਨ 5 ਘੰਟੇ 48 ਮਿੰਟ ਅਤੇ 45.3 ਸੈਕੰਡ ਹੈ । ਇਸ ਲਈ ਜੂਲੀਅਨ-ਸਾਲ ਰੁੱਤੀ-ਸਾਲ ਨਾਲੋਂ ਲਗਭਗ 11 ਮਿੰਟ 15 ਸੈਕੰਡ ਵੱਡਾ ਸੀ । ਇਹ ਫ਼ਰਕ ਹਰੇਕ ਸਾਲ ਜਮਾਂ ਹੁੰਦਾ 128 ਸਾਲਾਂ ਵਿੱਚ 1 ਦਿਨ ਬਣ ਜਾਂਦਾ ਹੈ। ਰੁੱਤੀ-ਸਾਲ ਛੋਟਾ ਹੋਣ ਕਾਰਨ ਰਾਤ-ਦਿਨ ਬਰਾਬਰ ਵਾਲੀ ਤਾਰੀਖ਼ ਔਸਤਨ 128 ਸਾਲਾਂ ਬਾਅਦ ਇੱਕ ਦਿਨ ਪਹਿਲਾਂ ਆਉਣ ਲੱਗ ਪਈ । 1582 ਸੰਨ ਤੱਕ ਇਹ ਫ਼ਰਕ ਤਕਰੀਬਨ 10 ਦਿਨ ਦਾ ਹੋ ਚੁੱਕਿਆ ਸੀ।

ਇਸ ਸਥਿਤੀ ਤੇ ਰੋਕ ਪਾਉਣ ਲਈ ਅਤੇ ਕੈਲੰਡਰ ਨੂੰ ਰੁੱਤੀ-ਸਾਲ ਦੇ ਬਰਾਬਰ ਕਰਨ ਲਈ ਉਸ ਸਮੇਂ ਦੇ ਪੋਪ, ਪੋਪ ਗ੍ਰੈਗਰੀ ਵਲੋਂ ਇਸ ਕਾਰਜ ਲਈ ਬਣਾਈ ਕਮੇਟੀ ਦੀ ਰੀਪੋਰਟ ਦੇ ਆਧਾਰ ਤੇ ਜੂਲੀਅਨ ਕੈਲੰਡਰ ਵਿੱਚ ਸੋਧਾਂ ਕਰ ਕੇ, 10 ਦਿਨ ਦਾ ਫ਼ਰਕ ਦੂਰ ਕਰਕੇ ਈਸਾਈ ਜਗਤ ਲਈ ਹੁਕਮਨਾਮਾਂ ਜਾਰੀ ਕੀਤਾ ਗਿਆ ਕਿ 4 ਅਕਤੂਬਰ 1582 ਜੂਲੀਅਨ ਤੋਂ ਅਗਲੇ ਦਿਨ ਨਵੇਂ ਕੈਲੰਡਰ ਦੀ 15 ਅਕਤੂਬਰ ਹੋਵੇਗੀ, ਅਤੇ ਹਰ ਚੌਥਾ ਸਾਲ (4 ਨਾਲ ਪੂਰਾ-ਪੂਰਾ ਵੰਡ ਹੋਣ ਵਾਲਾ) ਲੀਪ ਦਾ ਹੋਵੇਗਾ, ਪਰ ਸਦੀ ਵਾਲਾ ਸਾਲ (1600,1700 ਆਦਿ) ਉਹੀ ਲੀਪ ਦਾ ਹੋਵੇਗਾ ਜੋ 400 ਨਾਲ ਪੂਰਾ-ਪੂਰਾ ਵੰਡਿਆ ਜਾ ਸਕੇ। ਇਸ ਸਕੀਮ ਨਾਲ ਨਵੇਂ ਕੈਲੰਡਰ ਦੇ ਸਾਲ ਦੀ ਲੰਬਾਈ ਰੁੱਤੀ-ਸਾਲ ਦੀ ਲੰਬਾਈ ਦੇ ਬਹੁਤ ਨੇੜੇ ਹੋ ਗਈ, ਅਤੇ ਬਸੰਤ ਰੁੱਤ ਵਿੱਚ ਦਿਨ-ਰਾਤ ਬਰਾਬਰ ਦੀ ਤਾਰੀਖ਼ ਮੁੜ 21 ਮਾਰਚ ਹੋ ਗਈ । ਇਸ ਕੈਲੰਡਰ ਨੂੰ ਪੋਪ ਗ੍ਰੈਗਰੀ ਦੇ ਨਾਮ ਤੇ ਗ੍ਰੀਗੋਰੀਅਨ ਕੈਲੰਡਰ ਨਾਲ ਜਾਣਿਆ ਜਾਂਦਾ ਹੈ, ਅਤੇ ਅੱਜ-ਕੱਲ ਇਹ ਸਾਰੇ ਸੰਸਾਰ ਵਿੱਚ ਪ੍ਰਚੱਲਤ ਹੈ, ਅਤੇ ਕੌਮਾਂ ਆਪੋ-ਆਪਣੇ ਧਰਮ ਦੇ ਕੈਲੰਡਰਾਂ ਨਾਲ-ਨਾਲ ਸਾਧਾਰਨ ਕਾਰਜਾਂ ਲਈ ਇਸ ਨੂੰ ਹੀ ਵਰਤਦੀਆਂ ਹਨ; ਇਸੇ ਕਰਕੇ ਇਸ ਨੂੰ ਸਾਂਝੇ ਸੰਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਨਵੇਂ ਕੈਲੰਡਰ ਨੂੰ ਇੰਗਲੈਂਡ ਅਤੇ ਉਸ ਦੇ ਅਧੀਨ ਮੁਲਕਾਂ ਨੇ ਸਵੀਕਾਰ ਨਾਂਹ ਕੀਤਾ, ਪਰ 1752 ਸੰਨ ਵਿੱਚ ਇੰਗਲੈਂਡ ਦੀ ਪਾਰਲੀਮੈਂਟ ਨੇ ਇਸ ਕੈਲੰਡਰ ਨੂੰ ਮਾਨਤਾ ਦਿੰਦਿਆਂ 2 ਸਤੰਬਰ 1752 ਜੂਲੀਅਨ ਤੋਂ ਅਗਲੇ ਦਿਨ ਗ੍ਰੀਗੋਰੀਅਨ ਕੈਲੰਡਰ ਦੀ 14 ਸਤੰਬਰ ਦੀ ਤਾਰੀਖ਼ ਤੋਂ ਲਾਗੂ ਕਰਨ ਦਾ ਐਕਟ ਪਾਸ ਕਰ ਦਿੱਤਾ।

ਭਾਰਤਵਰਸ਼ ਦੇ ਇਤਿਹਾਸਕਰਾਂ ਦੀ ਬਹੁਗਿਣਤੀ ਨੇ ਇਤਿਹਾਸਿਕ ਤਾਰੀਖ਼ਾਂ 2 ਸਤੰਬਰ 1752 ਸੰਨ ਤੱਕ ਜੂਲੀਅਨ ਕੈਲੰਡਰ ਅਨੁਸਾਰ ਹੀ ਦਿੱਤੀਆਂ ਹਨ। ਇਸ ਲਈ ਗੁਰੂ-ਕਾਲ ਦੀਆਂ ਸਭ ਅੰਗ੍ਰੇਜ਼ੀ ਤਾਰੀਖ਼ਾਂ ਜੂਲੀਅਨ ਕੈਲੰਡਰ ਅਨੁਸਾਰ ਹੀ ਹਨ, ਜੋ ਬਿਕ੍ਰਮੀ, ਅਤੇ ਹਿਜਰੀ ਕੈਲੰਡਰਾਂ ਦੀਆਂ ਅਸਲੀ ਤਾਰੀਖ਼ਾਂ ਨੂੰ ਤਾਰੀਖ਼ਾਂ ਤਬਦੀਲ ਕਰਨ ਵਾਲੀਆਂ ਸਾਰਨੀਆਂ ਜਾਂ ਫਿਰ ਸਵਾਮੀ ਕੰਨੂ-ਪਿੱਲੇ ਦੀ ਅੰਗ੍ਰੇਜ਼ੀ ਪੁਸਤਕ ਇੰਡੀਅਨ ਐਫ਼ੀਮੈਰਿਸ ਦੀ ਸਹਾਇਤਾ ਨਾਲ ਤਬਦੀਲ ਕਰਕੇ ਹੀ ਦਿੱਤੀਆਂ ਗਈਆਂ ਹਨ।

**ਹੁਣ ਆਪਾਂ ਹੱਥਲੀ ਸਮੱਸਿਆ ਵੱਲ ਆਉਂਦੇ ਹਾਂ।**

ਨਾਨਕਸ਼ਾਹੀ ਕੈਲੰਡਰ ਵਿੱਚ ਗੁਰਪੁਰਬਾਂ ਦੀਆਂ ਅੰਗ੍ਰੇਜ਼ੀ ਤਾਰੀਖ਼ਾਂ, ਇਤਿਹਾਸਿਕ ਅੰਗ੍ਰੇਜ਼ੀ ਤਾਰੀਖ਼ਾਂ ਨਾਲੋਂ ਵੱਖਰੇ ਹੋਣ ਦੇ ਮੁੱਖ ਰੂਪ ਵਿੱਚ ਤਿੰਨ ਕਾਰਨ ਹਨ:

1. ਗੁਰਪੁਰਬਾਂ ਦੀਆਂ ਇਤਿਹਾਸਿਕ ਅੰਗ੍ਰੇਜ਼ੀ ਤਾਰੀਖ਼ਾਂ ਜੂਲੀਅਨ ਕੈਲੰਡਰ ਦੀਆਂ ਹਨ, ਪਰ ਨਾਨਕਸ਼ਾਹੀ ਕੈਲੰਡਰ ਵਿੱਚ ਦਿੱਤੀਆਂ ਤਾਰੀਖ਼ਾਂ ਗ੍ਰੀਗੋਰੀਅਨ ਕੈਲੰਡਰ ਦੀਆਂ ਹਨ। ਇਸ ਸਦੀ ਵਿੱਚ ਗ੍ਰੀਗੋਰੀਅਨ ਅਤੇ ਜੂਲੀਅਨ ਕੈਲੰਡਰਾਂ ਵਿੱਚ 13 ਤਾਰੀਖ਼ਾਂ ਦਾ ਅੰਤਰ ਹੈ। ਭਾਵ ਜੂਲੀਅਨ ਦੀਆਂ ਤਾਰੀਖਾਂ ਵਿੱਚ 13 ਜੋੜਨ ਨਾਲ ਗ੍ਰੀਗੋਰੀਅਨ ਦੀਆਂ ਤਾਰੀਖ਼ਾਂ ਬਣ ਜਾਣਗੀਆਂ।
2. ਬਿਕ੍ਰਮੀ ਕੈਲੰਡਰ (ਸੂਰਜ ਸਿਧਾਂਤ ਗਣਿਤ ਵਾਲਾ, ਜੋ ਗੁਰੂ-ਕਾਲ ਵਿੱਚ ਪ੍ਰਚੱਲਤ ਸੀ, ਅਤੇ 1960 ਸਾਂਝੇ ਸੰਨ ਵਾਲੇ ਦਹਾਕੇ ਦੇ ਮੱਧ ਤੱਕ ਪੰਜਾਬ ਵਿੱਚ ਪ੍ਰਚੱਲਤ ਰਿਹਾ) ਦੇ ਸਾਲ ਦੀ ਲੰਬਾਈ 365 ਦਿਨ 6 ਘੰਟੇ 12 ਮਿੰਟ 36.5

ਸੈਕੰਡ ਹੈ ਜੋ ਜੂਲੀਅਨ ਕੈਲੰਡਰ ਦੇ ਸਾਲ ਦੀ ਲੰਬਾਈ ਨਾਲੋਂ 12 ਮਿੰਟ 36.5 ਸੈਕੰਡ ਵੱਧ ਹੈ । ਇਹ ਫ਼ਰਕ 114 ਸਾਲ ਵਿੱਚ ਇੱਕ ਦਿਨ ਹੋ ਜਾਂਦਾ ਹੈ। ਇਸ ਕਰਕੇ ਹੀ ਵੈਸਾਖੀ ਦਾ ਦਿਹਾੜਾ ਜੋ 27 ਮਾਰਚ 1469 ਜੂਲੀਅਨ ਨੂੰ ਸੀ, ਉਹ 230 ਸਾਲ ਮਗਰੋਂ ਜੂਲੀਅਨ ਕੈਲੰਡਰ ਵਿੱਚ 1699 ਨੂੰ 2 ਦਿਨ ਬਾਅਦ 29 ਮਾਰਚ ਨੂੰ ਆਇਆ।

3. ਨਾਨਕਸ਼ਾਹੀ ਕੈਲੰਡਰ ਅਤੇ ਬਿਕ੍ਰਮੀ ਕੈਲੰਡਰ ਦੀਆਂ ਸੰਗ੍ਰਾਂਦਾਂ (ਦੇਸੀ ਮਹੀਨਿਆਂ ਦੀ ਪਹਿਲੀ ਤਾਰੀਖ਼) ਦਾ ਕੁੱਝ ਮਹੀਨਿਆਂ ਵਿੱਚ ਇੱਕ ਜਾਂ ਦੋ ਦਿਨ ਦਾ ਫ਼ਰਕ ਹੈ। ਇਹ ਫ਼ਰਕ ਵੀ ਵਧਦਾ ਹੀ ਜਾਵੇਗਾ ਕਿਉਂਕਿ ਅੱਜ-ਕੱਲ ਪੰਜਾਬ ਵਿੱਚ ਪ੍ਰਚੱਲਤ ਦ੍ਰਿੱਕ ਗਣਿਤ ਅਨੁਸਾਰ ਬਿਕ੍ਰਮੀ ਕੈਲੰਡਰ ਦਾ ਸਾਲ ਨਾਨਕਸ਼ਾਹੀ ਕੈਲੰਡਰ ਦੇ ਸਾਲ ਨਾਲੋਂ ਤਕਰੀਬਨ 20 ਮਿੰਟ ਵੱਡਾ ਹੈ, ਜਿਸ ਕਾਰਨ 70-72 ਸਾਲਾਂ ਵਿੱਚ ਔਸਤਨ 1 ਦਿਨ ਦਾ ਫ਼ਰਕ ਪੈ ਜਾਂਦਾ ਹੈ[1]।

ਆਓ ਹੁਣ ਉਪ੍ਰੋਕਤ 3 ਤੱਥਾਂ ਨੂੰ ਮੁੱਖ ਰੱਖ ਕੇ ਗਣਿਤ ਕਰੀਏ:

<u>ਵੈਸਾਖੀ</u>

1469 ਵਿੱਚ ਵੈਸਾਖੀ 27 ਮਾਰਚ ਜੂਲੀਅਨ  
1469 ਤੋਂ 2003 ਤੱਕ ਸਾਲ = 534  
ਜੂਲੀਅਨ ਅਤੇ ਸੂਰਜ ਸਿਧਾਂਤ ਬਿਕ੍ਰਮੀ ਕੈਲੰਡਰਾਂ ਵਿੱਚ 114 ਸਾਲਾਂ ਵਿੱਚ ਫ਼ਰਕ = 1 ਦਿਨ  
534 ਸਾਲਾਂ ਵਿੱਚ ਫ਼ਰਕ = 4.68 ਦਿਨ  
2003 ਵਿੱਚ ਜੂਲੀਅਨ ਕੈਲੰਡਰ ਅਨੁਸਾਰ ਵੈਸਾਖੀ ਦੀ ਤਾਰੀਖ =27 ਮਾਰਚ + 5 ਦਿਨ = 1 ਅਪ੍ਰੈਲ  
1 ਅਪ੍ਰੈਲ ਜੂਲੀਅਨ ਦੇ ਬਰਾਬਰ ਗ੍ਰੀਗੋਰੀਅਨ ਕੈਲੰਡਰ ਦੀ ਤਾਰੀਖ਼ 13 ਦਿਨ ਜੋੜਨ ਤੇ 14 ਅਪ੍ਰੈਲ 2003  
ਕਿਉਂਕਿ ਨਾਨਕਸ਼ਾਹੀ ਕੈਲੰਡਰ ਅਤੇ ਬਿਕ੍ਰਮੀ ਕੈਲੰਡਰ ਦੋਹਾਂ ਵਿੱਚ ਹੀ ਵੈਸਾਖੀ 14 ਅਪ੍ਰੈਲ ਦੀ ਸੀ ਇਸ ਲਈ ਹੋਰ ਸ਼ੁੱਧੀ ਦੀ ਲੋੜ ਨਹੀਂ।

<u>ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਦਿਵਸ</u>

1666 ਵਿੱਚ 22 ਦਸੰਬਰ ਜੂਲੀਅਨ / 23 ਪੋਹ 1723 ਬਿ.[2]  
1666 ਤੋਂ 2003 ਤੱਕ ਸਾਲ = 337  
ਜੂਲੀਅਨ ਅਤੇ ਸੂਰਜ ਸਿਧਾਂਤ ਬਿਕ੍ਰਮੀ ਕੈਲੰਡਰਾਂ ਵਿੱਚ 114 ਸਾਲਾਂ ਵਿੱਚ ਫ਼ਰਕ = 1 ਦਿਨ  
337 ਸਾਲਾਂ ਵਿੱਚ ਫ਼ਰਕ = 3 ਦਿਨ ਤਕਰੀਬਨ  
2003 ਵਿੱਚ ਜੂਲੀਅਨ ਕੈਲੰਡਰ ਅਨੁਸਾਰ 23 ਪੋਹ ਦੀ ਤਾਰੀਖ = 22 ਦਸੰਬਰ + 3 ਦਿਨ = 25 ਦਸੰਬਰ  
25 ਦਸੰਬਰ ਜੂਲੀਅਨ ਦੇ ਬਰਾਬਰ ਗ੍ਰੀਗੋਰੀਅਨ ਕੈਲੰਡਰ ਦੀ ਤਾਰੀਖ਼ 13 ਦਿਨ ਜੋੜਨ ਤੇ 7 ਜਨਵਰੀ 2003  
ਕਿਉਂਕਿ ਨਾਨਕਸ਼ਾਹੀ ਕੈਲੰਡਰ ਵਿੱਚ ਪੋਹ ਦੀ ਸੰਗ੍ਰਾਂਦ ਬਿਕ੍ਰਮੀ ਕੈਲੰਡਰ ਦੀ ਪੋਹ ਦੀ ਸੰਗ੍ਰਾਂਦ ਨਾਲੋਂ 2 ਦਿਨ ਪਹਿਲਾਂ ਸੀ, ਇਸ ਲਈ 23 ਪੋਹ ਦਾ ਦਿਹਾੜਾ ਨਾਨਕਸ਼ਾਹੀ ਕੈਲੰਡਰ ਵਿੱਚ 5 ਜਨਵਰੀ ਨੂੰ ਹੈ, ਅਤੇ ਸਦਾ ਹੀ 5 ਜਨਵਰੀ ਨੂੰ ਹੋਵੇਗਾ।  
ਨਾਨਕਸ਼ਾਹੀ ਕੈਲੰਡਰ ਦੀਆਂ ਸੰਗ੍ਰਾਂਦਾਂ ਗ੍ਰੀਗੋਰੀਅਨ ਕੈਲੰਡਰ ਵਿੱਚ ਸਦਾ ਲਈ ਸਥਿਰ ਹਨ। ਪੋਹ ਦੀ ਸੰਗ੍ਰਾਂਦ ਸਦਾ ਲਈ 14 ਦਸੰਬਰ ਨੂੰ ਹੈ, ਇਸ ਤਰ੍ਹਾਂ ਵੀ 23 ਪੋਹ ਸਦਾ 5 ਜਨਵਰੀ ਨੂੰ ਹੀ ਆਵੇਗਾ।

ਇਸੇ ਤਰ੍ਹਾਂ ਬਾਕੀ ਗੁਰਪੁਰਬਾਂ ਦੀਆਂ ਤਾਰੀਖ਼ਾਂ ਦੀ ਗਣਿਤ ਵੀ ਕੀਤੀ ਜਾ ਸਕਦੀ ਹੈ।

**ਪਾਲ ਸਿੰਘ ਪੁਰੇਵਾਲ (3 ਜਨਵਰੀ 2012)**  
**ਫ਼ੂਨ: 780-463-2306 email: pspurewal@yahoo.com**

[1] 2999 ਸ.ਸ. ਵਿੱਚ ਬਿਕ੍ਰਮੀ ਦ੍ਰਿਕ ਗਣਿਤ ਵੈਸਾਖੀ 27 ਅਪ੍ਰੈਲ ਨੂੰ ਹੋਵੇਗੀ, ਜਦਕਿ ਨਾਨਾਕਸ਼ਾਹੀ ਵੈਸਾਖੀ ਸਦਾ ਹੀ 14 ਅਪ੍ਰੈਲ ਨੂੰ।

[2] ਕੈਲੰਡਰ ਕਮੇਟੀ ਨੇ ਸੂਰਜੀ ਤਾਰੀਖ਼ 23 ਪੋਹ ਨੂੰ ਹੀ ਮੁੱਖ ਰੱਖਿਆ ਹੈ ਨਾਂਕਿ ਪੋਹ ਸੁਦੀ 7 ਨੂੰ।